ਨਿਊਜ਼ ਰਿਲੀਜ਼

# ਆਪਣੀ ਗੱਲ ਕਹੋ:  ਆਧੁਨਿਕ, ਡਿਜੀਟਲ ਸੇਵਾਵਾਂ

03 ਜਨਵਰੀ, 2023 ਮੀਡੀਆ ਪੁੱਛਗਿੱਛ

## ਇੱਕ ਔਨਲਾਈਨ ਸਰਵੇਖਣ ਵਿੱਚ ਅਲਬਰਟਾ ਵਾਸੀਆਂ ਨੂੰ ਔਨਲਾਈਨ ਸਰਕਾਰੀ ਸੇਵਾਵਾਂ ਤੱਕ ਪਹੁੰਚਣ ਲਈ ਆਪਣੀਆਂ ਲੋੜਾਂ, ਉਮੀਦਾਂ ਅਤੇ ਤਰਜੀਹਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਭਾਵੇਂ ਲਾਭਾਂ ਦਾ ਪ੍ਰਬੰਧਨ ਕਰਨਾ ਹੋਵੇ, ਕਿਫਾਇਤੀ ਰਿਹਾਇਸ਼ ਅਤੇ ਬੱਚਿਆਂ ਦੀ ਦੇਖਭਾਲ ਲੱਭਣਾ ਹੋਵੇ ਜਾਂ ਡ੍ਰਾਈਵਰ ਲਾਇਸੈਂਸ ਦਾ ਨਵੀਨੀਕਰਨ ਕਰਨਾ ਹੋਵੇ, ਅਲਬਰਟਾ ਵਾਸੀ ਪਹਿਲਾਂ ਨਾਲੋਂ ਕਿਤੇ ਵੱਧ ਡਿਜੀਟਲ ਹੱਲਾਂ ਦੀ ਵਰਤੋਂ ਕਰ ਰਹੇ ਹਨ।

ਅਲਬਰਟਾ ਦਾ ਟੈਕਨਾਲੋਜੀ ਅਤੇ ਇਨੋਵੇਸ਼ਨ ਸੈਕਟਰ ਸੂਬੇ ਦੇ ਆਰਥਿਕ ਵਿਭਿੰਨਤਾ ਵਿੱਚ ਇੱਕ ਪ੍ਰੇਰਕ ਸ਼ਕਤੀ ਹੈ। ਇਹ ਮਹੱਤਵਪੂਰਨ ਹੈ ਕਿ ਸਰਕਾਰ ਟੈਕਨਾਲੋਜੀ ਦੇ ਨਾਲ ਰਫ਼ਤਾਰ ਬਣਾਈ ਰੱਖੇ, ਇਸ ਲਈ ਅਲਬਰਟਾ ਦੀ ਸਰਕਾਰ ਆਪਣੀਆਂ ਸੇਵਾਵਾਂ ਨੂੰ ਆਧੁਨਿਕ ਬਣਾਉਣ ਲਈ ਇੱਕ ਡਿਜੀਟਲ ਰਣਨੀਤੀ ਵਿਕਸਿਤ ਕਰ ਰਹੀ ਹੈ। ਇਹ ਰਣਨੀਤੀ ਬਿਹਤਰ, ਤੇਜ਼ ਅਤੇ ਸਮਾਰਟ ਸੇਵਾਵਾਂ ਮੁਹੱਈਆ ਕਰਨ ਲਈ ਸਰਕਾਰ ਭਰ ਵਿੱਚ ਨਵੀਨਤਾ ਅਤੇ ਡਿਜੀਟਲ ਟੈਕਨਾਲੋਜੀਆਂ ਦੀ ਵਰਤੋਂ ਕਰੇਗੀ।

ਜਨਤਕ ਔਨਲਾਈਨ ਸਰਵੇਖਣ ਤੋਂ ਇਲਾਵਾ, ਅਲਬਰਟਾ ਦੀ ਸਰਕਾਰ ਟੈਕਨਾਲੋਜੀ ਉਦਯੋਗ ਦੇ ਨੇਤਾਵਾਂ, ਪੋਸਟ-ਸੈਕੰਡਰੀ ਸੰਸਥਾਵਾਂ, ਸਿਹਤ ਸੰਸਥਾਵਾਂ ਅਤੇ ਇੰਡਿਜਨਸ ਭਾਈਚਾਰਿਆਂ ਤੱਕ ਇਸ ਬਾਰੇ ਉਹਨਾਂ ਦੇ ਵਿਚਾਰ ਸੁਣਨ ਲਈ ਪਹੁੰਚ ਕਰੇਗੀ ਕਿ ਉਹ ਅਲਬਰਟਾ ਦੇ ਸਰਕਾਰੀ ਵਿਭਾਗਾਂ ਨਾਲ ਕਿਵੇਂ ਬਿਹਤਰ ਢੰਗ ਨਾਲ ਇੰਟਰਐਕਟ ਕਰ ਸਕਦੇ ਹਨ। ਇਕੱਤਰ ਕੀਤੀ ਗਈ ਜਾਣਕਾਰੀ ਅਲਬਰਟਾ ਦੀ ਡਿਜੀਟਲ ਸਟ੍ਰੈਟੇਜੀ ਨੂੰ ਰੂਪ ਦੇਣ ਵਿੱਚ ਮਦਦ ਕਰੇਗੀ।

ਅਲਬਰਟਾ ਵਾਸੀਆਂ ਲਈ ਸਰਵੇਖਣ 24 ਜਨਵਰੀ ਤੱਕ ਪੂਰਾ ਕਰਨ ਲਈ ਉਪਲਬਧ ਹੋਵੇਗਾ।

### ਮੁੱਖ ਤੱਥ

- ਅਲਬਰਟਾ ਦੀ ਡਿਜੀਟਲ ਸਟ੍ਰੈਟੇਜੀ ਸੂਬੇ ਨੂੰ ਤਕਨੀਕੀ ਟੀਮਾਂ, ਪ੍ਰਕਿਰਿਆਵਾਂ ਅਤੇ ਟੈਕਨਾਲੋਜੀ ਅਤੇ ਨਵੀਨਤਾ ਲਈ ਸਰਕਾਰ ਦੀ ਸਮੁੱਚੀ ਪਹੁੰਚ ਦੇ ਆਧੁਨਿਕੀਕਰਨ ਵਿੱਚ ਮਾਰਗਦਰਸ਼ਨ ਕਰੇਗੀ।

- ਔਨਲਾਈਨ ਸੇਵਾਵਾਂ ਕੰਮ ਤੋਂ ਛੁੱਟੀ ਦਾ ਸਮਾਂ ਬੁੱਕ ਕਰਨ ਅਤੇ ਯਾਤਰਾ ਅਤੇ ਬੱਚਿਆਂ ਦੀ ਦੇਖਭਾਲ ਦੇ ਪ੍ਰਬੰਧ ਕਰਨ ਦੀ ਲੋੜ ਨੂੰ ਖਤਮ ਕਰਕੇ ਅਲਬਰਟਾ ਵਾਸੀਆਂ ਦੇ ਸਮੇਂ ਅਤੇ ਪੈਸੇ ਦੀ ਬਚਤ ਕਰਦੀਆਂ ਹਨ।
- ਵਰਤਮਾਨ ਵਿੱਚ ਅਲਬਰਟਾ ਵਾਸੀਆਂ ਲਈ ਕਿਸੇ ਵੀ ਸਮੇਂ, ਕਿਤੇ ਵੀ, ਕਿਸੇ ਵੀ ਡਿਵਾਈਸ ਦੀ ਵਰਤੋਂ ਕਰਦੇ ਹੋਏ 70 ਤੋਂ ਵੱਧ ਔਨਲਾਈਨ ਸਰਕਾਰੀ ਸੇਵਾਵਾਂ ਉਪਲਬਧ ਹਨ।
    - ਬਸੰਤ 2019 ਤੋਂ, 30 ਸਰਕਾਰੀ ਸੇਵਾਵਾਂ ਔਨਲਾਈਨ ਹੋ ਗਈਆਂ ਹਨ।
    - ਵਰਤਮਾਨ ਵਿੱਚ, ਆਉਣ ਵਾਲੇ ਸਾਲ ਵਿੱਚ 20 ਤੋਂ ਵੱਧ ਵਾਧੂ ਸੇਵਾਵਾਂ ਨੂੰ ਔਨਲਾਈਨ ਲਿਆਉਣ ਲਈ ਟੈਕਨਾਲੋਜੀ ਅਤੇ ਇਨੋਵੇਸ਼ਨ ਹੋਰ ਵਿਭਾਗਾਂ ਨਾਲ ਕੰਮ ਕਰ ਰਹੀ ਹੈ।
    - ਜਨਵਰੀ ਤੋਂ ਦਸੰਬਰ 2021 ਤੱਕ, alberta.ca ਦੁਆਰਾ ਸਰਕਾਰੀ ਸੇਵਾਵਾਂ ਦੀ ਵਰਤੋਂ ਵਿੱਚ 300 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਹੋਇਆ ਹੈ, ਇੱਕ ਮੋਬਾਈਲ ਡਿਵਾਈਸ ਤੋਂ ਪਹੁੰਚ ਵਿੱਚ 500 ਪ੍ਰਤੀਸ਼ਤ ਤੱਕ ਦੇ ਵਾਧੇ ਦੇ ਨਾਲ।
    - ਹਾਲੀਆ ਖੋਜ ਦਰਸਾਉਂਦੀ ਹੈ ਕਿ 75 ਪ੍ਰਤੀਸ਼ਤ ਕਨੇਡੀਅਨ ਇਹ ਕਹਿੰਦੇ ਹਨ ਕਿ ਸਰਕਾਰੀ ਸੇਵਾਵਾਂ ਔਨਲਾਈਨ ਉਪਲਬਧ ਹੋਣੀਆਂ ਚਾਹੀਦੀਆਂ ਹਨ।

## ਸੰਬੰਧਿਤ ਜਾਣਕਾਰੀ

- ਡਿਜੀਟਲ ਸਟ੍ਰੈਟੇਜੀ ਏਨਗੇਜਮੈਂਟ

---

ਇਹ ਅਨਾਊਂਸਮੈਂਟ ਔਨਲਾਈਨ ਦੇਖੋ

ਅਲਬਰਟਾ ਸਰਕਾਰ ਦਾ ਨਿਊਜ਼ਰੂਮ

ਸਰਕਾਰ ਨਾਲ ਸੰਪਰਕ ਕਰੋ

ਅਨਸਬਸਕ੍ਰਾਈਬ ਕਰੋ